# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਬਾਰ੍ਹਵੀਂ ਪ੍ਰੀਖਿਆ ਫਰਵਰੀ- 2017 (ਸਲਾਨਾ) ,ਰੈਗੂਲਰ/ ਵਾਧੂ ਵਿਸ਼ਾ/ਕਾਰਗੁਜ਼ਾਰੀ ਵਧਾਉਣ ਲਈ/ਕੰਪਾਰਟਮੈਂਟ/ਰੀ-ਅਪੀਅਰ ਦੀਆਂ ਪ੍ਰੀਖਿਆਵਾਂ ਮਿਤੀ 28-02-2017 ਨੂੰ ਆਰੰਭ ਹੋ ਰਹੀਆਂ ਹਨ। ਰੈਗੂਲਰ ਪ੍ਰੀਖਿਆਰਥੀਆਂ ਦੇ ਰੋਲ ਨੰਬਰ ਸਕੂਲਾਂ ਦੀ ਲੱਗ-ਇਨ-ਆਈ.ਡੀ ਤੇ ਅਪਲੋਡ ਕੀਤੇ ਜਾ ਚੁਕੇ ਹਨ ਅਤੇ ਵਾਧੂ ਵਿਸ਼ਾ/ਕਾਰਗੁਜ਼ਾਰੀ ਵਧਾਉਣ ਲਈ /ਕੰਪਾਰਟਮੈਂਟ/ਰੀ-ਅ ਪੀਅਰ ਪ੍ਰੀਖਿਆਰਥੀਆਂ ਦੇ ਰੋਲ ਨੰਬਰ ਆਨ-ਲਾਈਨ ਕੀਤੇ ਜਾ ਚੁੱਕੇ ਹਨ।

ਸਮੂਹ ਸਕੂਲ ਮੁੱਖੀ ਆਪਣੇ ਸਕੂਲ ਨਾਲ ਸਬੰਧਤ ਰੋਲ ਨੰਬਰ ਆਪਣੇ ਸਕੂਲ ਦੀ ਲਾੱਗ ਇਨ ਆਈਡੀ ਤੋ ਡਾਊਨਲੋਡ ਕਰਨ ਅਤੇ , ਵਾਧੂ ਵਿਸ਼ਾ/ਕਾਰਗੁਜ਼ਾਰੀ ਵਧਾਉਣ ਲਈ /ਕੰਪਾਰਟਮੈਂਟ/ਰੀ-ਅਪੀਅਰ ਦੀ ਪ੍ਰੀਖਿਆ ਦੇ ਰਹੇ ਵਿਦਿਆਰਥੀਆਂ ਨੂੰ ਦੱਸਿਆ ਜਾਦਾ ਹੈ ਕਿ ਉਹ ਆਪਣਾ ਰੋਲ ਨੰਬਰ ਬੋਰਡ ਦੀ ਵੈਬ ਸਾਈਟ www.pseb. ac.In ਤੋਂ ਡਾਊਨਲੋਡ ਕਰਨ । ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਵੱਖਰੇ ਤੌਰ ਤੇ ਕੋਈ ਵੀ ਰੋਲ ਨੰਬਰ ਸਲਿਪ ਡਾਕ ਰਾਂਹੀ ਨਹੀਂ ਭੇਜੀ ਜਾਵੇਗੀ । ਜੇਕਰ ਰੋਲ ਨੰਬਰ ਸਲਿੱਪ ਤੇ ਕੋਈ ਤਰੁੱਟੀ ਪਾਈ ਜਾਂਦੀ ਹੈ ਤਾਂ ਉਹ ਹਰ ਹਾਲਤ ਵਿਚ ਮਿਤੀ 26/02/2017 ਤੱਕ ਤਰੁੱਟੀ ਦਰੁੱਸਤ ਕਰਵਾਉਣ ਲਈ ਮੁੱਖ ਦਫਤਰ/ਸਬੰਧਤ ਸੈਕਸ਼ਨ ਨਾਲ ਸੰਪਰਕ ਕਰਨ । ਮਿਤੀ 24/02/2017 ਨੂੰ ਦਫਤਰ ਸ਼ਿਵਰਾਤਰੀ ਦੀ ਛੁੱਟੀ ਕਾਰਣ ਬੰਦ ਰਹੇਗਾ ਅਤੇ ਮਿਤੀ 25 ਅਤੇ 26/02/2017 ਦਿਨ. ਸ਼ਨੀਵਾਰ ਅਤੇ ਐਤਵਾਰ ਨੂੰ ਛੁੱਟੀ ਵਾਲੇ ਦਿਨ ਮੁੱਖ ਦਫਤਰ ਆਮ ਦਿਨਾਂ ਵਾਂਗ ਖੁੱਲ੍ਹਾ ਰਹੇਗਾ । ਇਸ ਤੋਂ ਇਲਾਵਾ ਜਿਹਨਾਂ ਪ੍ਰੀਖਿਆਰਥੀਆਂ ਵੱਲ ਪ੍ਰੀਖਿਆ ਦੇਣ ਸਬੰਧੀ ਫੀਸ ਜਮ੍ਹਾਂ ਕਰਵਾਈ ਗਈ ਹੋਵੇ ਪਰ ਰੋਲ ਨੰਬਰ ਪ੍ਰਾਪਤ ਨਹੀਂ ਹੋਇਆ ਅਜਿਹੇ ਪ੍ਰੀਖਿਆਰਥੀਆਂ ਨੂੰ ਦੱਸਿਆ ਜਾਂਦਾ ਹੈ ਕਿ ਉਹ ਆਪਣੇ ਯੋਗਤਾ ਸਰਟੀਫਿਕੇਟ ਦੀ ਤਸਦੀਕ ਸੁਦਾ ਫੋਟੋ ਕਾਪੀ ,ਦੋ ਫੋਟੋਆਂ ਅਤੇ ਜਮ੍ਹਾਂ ਕਰਵਾਈ ਗਈ ਫੀਸ ਦੀ ਰਸੀਦ ਦੀ ਅਸਲ ਕਾਪੀ ਲੈ ਕੇ ਮੁੱਖ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ ਏ ਐੱਸ ਨਗਰ ( ਮੋਹਾਲੀ ) ਵਿਖੇ ਸੰਪਰਕ ਕੀਤਾ ਜਾਵੇ ।

ਉੱਪ ਸਕੱਤਰ(ਪ੍ਰੀ-3)